ੴ

ਅਕਾਲ ਸਹਾਏ

# Sikh Temple Sacramento

ਅਕਾਲ ਸਹਾਏ

2301 EVERGREEN AVENUE
WEST SACRAMENTO, CA 95691
916. 371. 9787

MAILING ADRESS
P. O. BOX 851
Sacramento, CA. U. S. A.
95691 – 0851

**September – October 2019**

Guru Pyari Sadh Sangat Ji,

It is hereby informed that the Gurdwara Sikh Temple Sacramento will be celebrating Parkash Diwas of Sri Guru Ram Das Ji on October 18, 19 & 20, 2019 and Sewa will be performed by Samooh Sadh Sangat. Also, there will be Nam Simran on the evening of October 18 & 19 from 6:30PM to 7:00PM.

Gurgaddi Diwas of Sri Guru Granth Sahib Ji will be celebrated with Akhand Patth starting on November 8, 9 and Bhog on 10 and Nam Simran will be on 8th & 9th from 6:30PM to 7:00PM. Gurgaddi Diwas program sewa will be performed by S Sukhdeep Singh and family.

Gurgaddi Diwas of Sri Guru Granth Sahib will also be celebrated on November 3, 2019 in Yuba City.

Shri Guru Granth Sahib is a living Guru of the Sikhs as enjoined by the tenth prophet, Guru Gobind Singh Ji.

The Guru Granth Sahib says:-

"Awaken thou o beauteous eyed jeev-bride, the Gurbani speaks (hear it). He who hears and believes it and lives according to it, his story is ineffable and beyond description." [P. 844]

He achieves an immortal status and becomes one with God. His desires are fulfilled and he becomes fully contented.

President

Balbir Singh Dhillon

**Important News**

1. The Management Committee is requesting everyone not to bring Parshad and Langar from home to Gurdwara Sahib.
2. Before entering the Langar Hall, please cover your head and remove your shoes regardless if you are attending a wedding or other function.
3. Please place your shoes in the shoe racks and not in front of the building's entrance.
4. The Management Committee meets on last Sunday of the month from 8:30am- 10:30am.
5. The internet address of the Sikh Temple is: www.sikhtemple.org.

**Important Days:**

Parkash Diwas Sri Guru Granth Sahib Ji August 31, 2019, September 1 Gurgaddi Diwas - Guru Arjun Dev Ji,
September 1 Joti Jot Diwas - Guru Ram Das Ji, September 11 Gurgaddi Diwas - Guru Ram Das Ji,
Sep. 12 Joti Jot Diwas - Guru Amar Das Ji,

September 17 Sangrand - Assu / October 17 Sangrand - Kattak,

September 19 Gurgaddi Diwas - Guru Angad Dev Ji, September 24 Joti Jot Diwas - Guru Nanak Dev Ji, Parkash Diwas Guru Nanak dev Ji Nov. 12
October 15 Parkash Diwas - Guru Ram Das Ji, October 22 Gurgaddi Diwas - Guru Harkrishan Sahib Ji and Joti Jot Diwas - Guru Har Rai Sahib Ji, November 1 – Joti jot Diwas – Sri Guru Gobind Singh Sahib Ji

ਅਕਾਲ ਸਹਾਏ

# Sikh Temple Sacramento

ਅਕਾਲ ਸਹਾਏ


2301 EVERGREEN AVENUE
WEST SACRAMENTO, CA 95691
916. 371. 9787

MAILING ADRESS
P. O. BOX 851
Sacramento, CA. U. S. A.
95691 – 0851


September - October,2019

ੴ ਸਤਿਗੁਰ ਪ੍ਰਸਾਦਿ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ **ਇਸ ਸਾਲ ਵੀ** ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮ ਦਾਸ ਜੀ ਅਕਤੂਬਰ 18, 19, ਅਤੇ 20 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਗੁਰਦਵਾਰਾ ਸਾਹਿਬ ਵਿਖੇ ਮੰਨਾਇਆ ਜਾ ਰਿਹਾ ਹੈ। ਸ਼ੁੱਕਰਵਾਰ, ਅਤੇ ਸ਼ਨਿਚਰਵਾਰ ਸ਼ਾਮ ਨੂੰ 6:30- 7:00 ਵਜੇ ਸਿਮਰਨ ਹੋਵੇਗਾ। ਇਸ ਸਾਰੇ ਪ੍ਰੋਗਰਾਮ ਦੀ ਸੇਵਾ ਸਮੂਹ ਸਾਧ ਸੰਗਤ ਵਲੋਂ ਕੀਤੀ ਜਾ ਰਹੀ ਹੈ। ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਵੰਬਰ 8, 9, ਅਤੇ 10 ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਗੁਰਦਵਾਰਾ ਸਾਹਿਬ ਵਿਖੇ ਮੰਨਾਏ ਜਾਣਗੇ ਅਤੇ ਸ਼ੁੱਕਰਵਾਰ ਤੇ ਸ਼ਨਿਚਰਵਾਰ ਸ਼ਾਮ ਨੂੰ 6:30- 7:00 ਵਜੇ ਸਿਮਰਨ ਹੋਵੇਗਾ। ਇਸ ਸਾਰੇ ਪ੍ਰੋਗਰਾਮ ਦੀ ਸੇਵਾ ਸੁਖਦੀਪ ਸਿੰਘ ਅਤੇ ਪ੍ਰਵਾਰ ਵਲੋਂ ਕੀਤੀ ਜਾ ਰਹੀ ਹੈ। 3 ਨਵੰਬਰ 2019 ਦਿਨ ਐਤਵਾਰ ਨੂੰ ਯੁਬਾ ਸਿਟੀ ਵਿਖੇ ਗੁਰਗੱਦੀ ਦਿਵਸ ਮੰਨਾਇਆ ਜਾਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:-

"ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥
ਜਿਨਿ ਸੁਣ ਮੰਨਿਅੜੀਏ ਅਕਥ ਕਹਾਣੀ ਰਾਮ॥" (ਗੁਰੂ ਗ੍ਰੰਥ ਸਾਹਿਬ ਜੀ ਪੰਨਾ 844)

ਸੁੰਦਰ ਅੱਖਾਂ ਵਾਲੀ ਜੀਵ-ਰੂਪ ਇਸਤਰੀਏ ਤੂੰ ਜਾਗ। ਗੁਰੂ ਦੀ ਬਾਣੀ ਬੋਲ ਰਹੀ ਹੈ, ਤੂੰ ਧਿਆਨ ਨਾਲ, ਹਿਰਦੇ ਨਾਲ ਸੁਣ। ਜਿਨ੍ਹਾਂ ਨੇ ਵੀ ਇਸ ਨੂੰ ਸੁਣ ਕੇ ਮੰਨਿਆ ਹੈ ਉਨ੍ਹਾਂ ਦੀ ਕਹਾਣੀ ਅਸਚਰਜ ਹੈ ਜੋ ਬਿਆਨ ਕਰਨੀ ਔਖੀ ਹੈ। ਉਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸ ਗਿਆ ਹੈ, ਉਹ ਮੋਖ ਪੱਦਵੀ ਨੂੰ ਪ੍ਰਾਪਤ ਹੋ ਗਏ ਹਨ ਅਤੇ ਉਹ ਪ੍ਰਭੂ ਦਾ ਰੂਪ ਬਣ ਗਏ ਹਨ। ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਹੁੰਦੀਆਂ ਹਨ ਤੇ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ।

ਪ੍ਰਧਾਨ,

ਬਲਬੀਰ ਸਿੰਘ ਢਿੱਲੋਂ

## ਜਰੂਰੀ ਸੂਚਨਾਵਾਂ

1. ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਘਰ ਤੋਂ ਲੰਗਰ ਅਤੇ ਪ੍ਰਸ਼ਾਦ ਤਿਆਰ ਕਰਕੇ ਗੁਰਦਵਾਰਾ ਸਾਹਿਬ ਵਿਖੇ ਨਾ ਲੈ ਕੇ ਆਉ ਜੀ।
2. ਆਪ ਗੁਰੂ ਘਰ ਵਿਆਹ ਤੇ ਜਾਂ ਕਿਸੇ ਵੀ ਪ੍ਰੋਗਰਾਮ ਤੇ ਲੰਗਰ ਹਾਲ ਵਿਚ ਜਾਣ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਸਿਰ ਢਕ ਕੇ, ਜੋੜੇ ਲ਼ਾਹ ਕੇ ਲੰਗਰ ਹਾਲ ਵਿਚ ਜਾਓ ਜੀ।
3. ਆਪਣੇ ਜੋੜੇ ਬਿਲਡਿੰਗ ਦੇ ਸਾਹਮਣੇ ਜਾਂ ਹੋਰ ਕਿਸੇ ਵੀ ਜਗ੍ਹਾ ਉਤਾਰਨ ਦੀ ਵਜਾਏ, ਕਿਰਪਾ ਕਰਕੇ ਆਪਣੇ ਜੋੜੇ ਜੋੜਾ ਘਰ ਵਿਚ ਖਾਨਿਆਂ ਵਿਚ ਰੱਖਿਆ ਕਰੋ ਜੀ।
4. ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਸਵੇਰੇ 8:30AM - 10:30AM ਵਜੈ ਤੱਕ ਹੁੰਦੀ ਹੈ।
5. ਗੁਰਦਵਾਰਾ ਸਾਹਿਬ ਦਾ ਇੰਟਰਨੈਟ ਐਡਰੈਸ www.sikhtemple.org ਹੈ।

## ਜਰੂਰੀ ਦਿਨ:

ਅਗਸਤ 31- ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਤੰਬਰ 1 ਪਾ: 5 ਗੁਰਿਆਈ ਦਿਵਸ, ਸਤੰਬਰ 1 ਪਾ: 4 ਜੋਤੀ ਜੋਤਿ ਪੁਰਬ,
ਸਤੰਬਰ 11 ਪਾ: 4 ਗੁਰਿਆਈ ਦਿਵਸ, ਸਤੰਬਰ 14 ਪਾ: 3 ਜੋਤੀ ਜੋਤਿ ਪੁਰਬ

ਸੰਗਰਾਂਦ ਅੱਸੂ: 17 ਸਤੰਬਰ, ਸੰਗਰਾਂਦ ਕੱਤਕ 17 ਅਕਤੂਬਰ,

ਸਤੰਬਰ 19 ਪਾ: 2 ਗੁਰਿਆਈ ਦਿਵਸ, ਸਤੰਬਰ 24 ਪਾ: 1 ਜੋਤੀ ਜੋਤਿ ਸਮਾਏ,ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਨਵੰਬਰ 12
ਅਕਤੂਬਰ 15 ਪਾ: 4 ਪ੍ਰਕਾਸ਼ ਪੁਰਬ, ਅਕਤੂਬਰ 22 ਪਾ: 8 ਗੁਰਿਆਈ ਦਿਵਸ / ਪਾ: 7 ਜੋਤੀ ਜੋਤਿ ਪੁਰਬ,
ਪਾ: 10 ਜੋਤੀ ਜੋਤਿ ਪੁਰਬ ਨਵੰਬਰ 1